Roll No.
ਰੋਲ ਨੰਬਰ

| | | | | | | | |
|---|---|---|---|---|---|---|---|
| | | | | | | | |

**Code No. 018**

Candidates must write the Code on the title page of the answer-book.

ਉਮੀਦਵਾਰ ਨੂੰ ਉੱਤਰ ਪੁਸਤਿਕਾ ਦੇ ਕਵਰ ਪੇਜ 'ਤੇ ਕੋਡ ਲਿਖਣਾ ਲਾਜ਼ਮੀ ਹੈ।

# PUNJABI
# ਪੰਜਾਬੀ

*Time allowed : 3 hours* | *Maximum marks : 80*

ਸਮਾਂ ਸੀਮਾ : *3* ਘੰਟੇ | ਪੂਰਨ ਅੰਕ : *80*

ਸਧਾਰਨ ਨਿਰਦੇਸ਼ : ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦਾ ਪਾਲਣ ਕਰੋ :

***Note/*ਨੋਟ *:***

*(i)* *Please check that this question paper contains* ***11*** *printed pages.*

ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ ਛਪੇ ਹੋਏ ***11*** ਪੰਨੇ ਹਨ।

*(ii)* *Q.P. Code given on the right hand side of the question paper should be written on the title page of the answer-book by the candidate.*

ਪ੍ਰਸ਼ਨ-ਪੱਤਰ ਵਿੱਚ ਸੱਜੇ ਹੱਥ ਦੇ ਵੱਲ ਦਿੱਤੇ ਗਏ ਪ੍ਰਸ਼ਨ-ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਉੱਪਰ ਲਿਖਣ।

*(iii)* *Please check that this question paper contains* ***16*** *questions.*

ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ ***16*** ਪ੍ਰਸ਼ਨ ਹਨ।

*(iv)* ***Please write down the Serial Number of the question in the answer-book at the given place before attempting it.***

ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ-ਪੁਸਤਿਕਾ ਵਿੱਚ ਪ੍ਰਸ਼ਨ ਦਾ ਕ੍ਰਮਾਂਕ (ਸੀਰੀਅਲ ਨੰਬਰ) ਜ਼ਰੂਰ ਲਿਖੋ।

*(v)* ***15*** *minutes time has been allotted to read this question paper. The question paper will be distributed at* ***10:15*** *a.m. From* ***10:15*** *a.m. to* ***10:30*** *a.m., the candidates will read the question paper only and will not write any answer on the answer-book during this period.*

ਇਸ ਪ੍ਰਸ਼ਨ-ਪੱਤਰ ਨੂੰ ਪੜ੍ਹਨ ਦੇ ਲਈ ***15*** ਮਿੰਟ ਦਾ ਸਮਾਂ ਦਿੱਤਾ ਗਿਆ ਹੈ ਪ੍ਰਸ਼ਨ-ਪੱਤਰ ਸਵੇਰੇ ***10:15*** ਵਜੇ ਵੰਡੇ ਜਾਣਗੇ। ***10:15*** ਤੋਂ ***10:30*** ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ-ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ-ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ।

(vi) *The question paper will comprise of four parts* ***Part-I, Part-II, Part-III*** *and* ***Part-IV.***

*ਇਸ ਪ੍ਰਸ਼ਨ ਪੱਤਰ ਵਿੱਚ ਚਾਰ ਭਾਗ* **I, II, III *ਅਤੇ* IV** *ਹਨ ।*

(vii) ***Part-I*** *will consist of* **2** *questions of Reading Skill. Attempt all as per given instructions.*

*ਭਾਗ* **-I** *'ਪੜ੍ਹਨ ਕੌਸ਼ਲ' ਵਿੱਚ ਕੁੱਲ* **2** *ਪ੍ਰਸ਼ਨ ਹਨ । ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ ।*

(viii) ***Part-II*** *will consist of* **5** *questions of Grammar. Attempt all as per given instructions.*

*ਭਾਗ***-II** *'ਵਿਆਕਰਨ' ਵਿੱਚ ਕੁੱਲ* **5** *ਪ੍ਰਸ਼ਨ ਹਨ । ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ ।*

(ix) ***Part-III*** *will consist of* **3** *questions of writing skill. Attempt all as per given instructions.*

*ਭਾਗ* **-III** *'ਪ੍ਰਭਾਵਸ਼ਾਲੀ ਲਿਖਣ ਕੌਸ਼ਲ' ਵਿੱਚ ਕੁੱਲ* **3** *ਪ੍ਰਸ਼ਨ ਹਨ । ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ ।*

(x) ***Part-IV*** *will consist of* **6** *questions of Text books based questions. Attempt all as per given instructions.*

*ਭਾਗ* **-IV** *'ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ' ਵਿੱਚ ਕੁੱਲ* **6** *ਪ੍ਰਸ਼ਨ ਹਨ । ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ ।*

(xi) *Answer the given questions in serial order as possible.*

*ਜਿੰਨਾ ਸੰਭਵ ਹੋ ਸਕੇ ਪ੍ਰਸ਼ਨਾਂ ਦੇ ਉੱਤਰ ਕ੍ਰਮ ਅਨੁਸਾਰ ਦਿੱਤੇ ਜਾਣ ।*

## ਭਾਗ – I : ਪੜ੍ਹਨ ਕੌਸ਼ਲ

## Part - I : Reading Skill **6+4=10**

**ਨੋਟ :** ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ–ਟੁਕੜੀ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਆਧਾਰ 'ਤੇ / ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ/ਉੱਤਰ ਸ਼ੀਟ ਵਿੱਚ ਦਰਜ ਕਰੋ :

**1.** ਕੁਦਰਤ ਅਤੇ ਮਨੁੱਖ ਦਾ ਆਪਸ ਵਿੱਚ ਸੰਘਣਾ ਰਿਸ਼ਤਾ ਹੈ । ਮਨੁੱਖ ਕੁਦਰਤੀ ਸੰਸਾਰ ਦਾ ਹਿੱਸਾ ਹੈ ਅਤੇ ਆਪਣੀ ਹੋਂਦ, ਕਲਿਆਣ ਅਤੇ ਵਿਕਾਸ ਲਈ ਇਸ 'ਤੇ ਨਿਰਭਰ ਕਰਦਾ ਹੈ । ਮਨੁੱਖੀ ਗਤੀਵਿਧੀਆਂ ਦਾ ਕੁਦਰਤ 'ਤੇ ਮਹੱਤਵਪੂਰਨ ਪ੍ਰਭਾਵ ਪੈਂਦਾ ਹੈ, ਜਿਸ ਦੇ ਅਕਸਰ ਸਕਾਰਾਤਮਕ ਅਤੇ ਨਕਾਰਾਤਮਕ ਦੋਹਾਂ ਤਰ੍ਹਾਂ ਦੇ ਨਤੀਜੇ ਹੁੰਦੇ ਹਨ। ਕੁਦਰਤ ਵਿੱਚ ਸਭ ਤੋਂ ਛੋਟੇ ਜੀਵਾਣੂਆਂ ਤੋਂ ਲੈ ਕੇ ਮਹਾਨ ਈਕੋ ਸਿਸਟਮ ਤੱਕ ਸਭ ਕੁਝ ਸ਼ਾਮਲ ਹੈ । ਕੁਦਰਤ ਸਾਨੂੰ ਮੂਲ ਲੋੜਾਂ ਤੋਂ ਇਲਾਵਾ ਵੀ ਹਰ ਜ਼ਰੂਰਤ ਲਈ ਜ਼ਰੂਰੀ ਸਰੋਤ ਪ੍ਰਦਾਨ ਕਰਦੀ ਹੈ । ਜੇਕਰ ਮਨੁੱਖੀ ਜੀਵਨ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਮਨੁੱਖ ਨੇ ਰੋਜ਼ੀ–ਰੋਟੀ, ਆਸਰੇ ਅਤੇ ਪ੍ਰੇਰਨਾ ਲਈ ਕੁਦਰਤ 'ਤੇ ਹੀ ਭਰੋਸਾ ਕੀਤਾ ਹੈ । ਭਾਰਤੀ ਸੰਸਕ੍ਰਿਤੀ ਨੇ ਕੁਦਰਤੀ ਸੰਸਾਰ ਨਾਲ ਡੂੰਘੇ ਅਧਿਆਤਮਿਕ ਅਤੇ ਸੱਭਿਆਚਾਰਕ ਸੰਬੰਧ ਵੀ ਵਿਕਸਿਤ ਕੀਤੇ ਹਨ । ਹਾਲਾਂਕਿ ਸੱਭਿਅਤਾ ਦੇ ਵਿਕਾਸ ਅਤੇ ਤਕਨੀਕੀ ਤਰੱਕੀ ਦੇ ਨਾਲ ਕੁਦਰਤ 'ਤੇ ਮਨੁੱਖੀ ਪ੍ਰਭਾਵ ਤੇਜ਼ ਹੋ ਗਏ ਹਨ । ਉਦਯੋਗੀਕਰਨ, ਸ਼ਹਿਰੀਕਰਨ, ਜੰਗਲਾਂ ਦੀ ਕਟਾਈ, ਪ੍ਰਦੂਸ਼ਣ, ਲੋੜ ਤੋਂ ਵੱਧ ਮੱਛੀਆਂ ਫੜਨਾ ਅਤੇ ਜੈਵਿਕ ਇੰਧਨ ਦੀ ਜਲਣ ਨੇ ਵਾਤਾਵਰਨ ਪ੍ਰਣਾਲੀਆਂ ਅਤੇ ਕੁਦਰਤੀ ਸਰੋਤਾਂ ਨੂੰ ਘਟਾ ਦਿੱਤਾ ਹੈ । ਇਹਨਾਂ ਗਤੀਵਿਧੀਆਂ ਨੇ ਜਲਵਾਯੂ ਪਰਿਵਰਤਨ, ਜੈਵ–ਵਿਭਿੰਨਤਾ ਦਾ ਨੁਕਸਾਨ, ਨਿਵਾਸ ਸਥਾਨਾਂ ਦੇ ਵਿਨਾਸ਼ ਅਤੇ ਹੋਰ ਵਾਤਾਵਰਨ ਸੰਬੰਧੀ ਸਮੱਸਿਆਵਾਂ ਨੂੰ ਜਨਮ ਦਿੱਤਾ ਹੈ । ਦੂਜੇ ਪਾਸੇ ਮਨੁੱਖ ਨੇ ਕੁਦਰਤ ਦੀ ਸੁੰਦਰਤਾ ਅਤੇ ਕਦਰਾਂ– ਕੀਮਤਾਂ ਦੀ ਕਦਰ ਵੀ ਕੀਤੀ ਹੈ । ਬਹੁਤ ਸਾਰੇ ਵਿਅਕਤੀ ਅਤੇ ਸੰਸਥਾਵਾਂ ਸਰਗਰਮੀ ਨਾਲ ਬਚਾਅ ਅਤੇ ਟਿਕਾਊ ਅਭਿਆਸਾਂ ਲਈ ਕੰਮ ਕਰਦੇ ਹਨ । ਜੰਗਲੀ ਜੀਵ–ਸੁਰੱਖਿਆ, ਮੁੜ ਜੰਗਲਾਤ, ਨਵਿਆਉਣਯੋਗ ਊਰਜਾ ਵਿਕਾਸ (renewable energy development) ਅਤੇ ਵਾਤਾਵਰਨ ਸਿੱਖਿਆ ਵਰਗੇ ਯਤਨ/ਜਤਨ ਕੁਦਰਤੀ ਸੰਸਾਰ ਦੀ ਰੱਖਿਆ ਅਤੇ ਉਸ ਨੂੰ ਬਹਾਲ ਕਰਨ ਦੀ ਕੋਸ਼ਿਸ਼ ਕਰਦੇ ਹਨ । ਕੁਦਰਤ ਅਤੇ ਮਨੁੱਖ ਵਿਚਕਾਰ ਅੰਤਰਨਿਰਭਰਤਾ ਨੂੰ ਪਛਾਣਨਾ ਸਾਡੇ ਭਵਿੱਖ ਲਈ ਮਹੱਤਵਪੂਰਨ ਹੈ । ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸਿਹਤਮੰਦ ਗ੍ਰਹਿ ਨੂੰ ਯਕੀਨੀ ਬਣਾਉਣ (ਸੁਨਿਸ਼ਚਿਤ) ਲਈ ਜੈਵ–ਵਿਭਿੰਨਤਾ ਨੂੰ ਸੁਰੱਖਿਅਤ ਰੱਖਣਾ, ਜਲਵਾਯੂ ਤਬਦੀਲੀ ਨੂੰ ਘਟਾਉਣ ਅਤੇ ਟਿਕਾਊ ਵਿਕਾਸ ਨੂੰ ਉਤਸ਼ਾਹਿਤ ਕਰਨਾ ਜ਼ਰੂਰੀ ਹੈ । ਮਨੁੱਖੀ ਲੋੜਾਂ ਅਤੇ ਕੁਦਰਤ ਦੀ ਸੁਰੱਖਿਆ ਵਿਚਕਾਰ ਸੰਤੁਲਨ ਲੱਭਣਾ/ਕਰਨਾ ਇੱਕ ਵਿਸ਼ਵ–ਵਿਆਪੀ ਚੁਣੌਤੀ ਹੈ ।

(i) ਮਨੁੱਖ ਆਪਣੇ ਜੀਵਨ ਲਈ ਨਿਰਭਰ ਹੈ – **6x1=6**

(A) ਆਪਸੀ ਹਿੰਮਤ 'ਤੇ
(B) ਜੀਵ ਜੰਤੂਆਂ 'ਤੇ
(C) ਕੁਦਰਤ 'ਤੇ
(D) ਨਵਿਆਉਣਯੋਗ ਊਰਜਾ 'ਤੇ

(ii) ਕੁਦਰਤ ਨਾਲ ਮਨੁੱਖ ਦੇ ਕਿਹੋ-ਜਿਹੇ ਸੰਬੰਧ ਨਹੀਂ ਹਨ ?

(A) ਆਰਥਿਕ (B) ਸੱਭਿਆਚਾਰਕ

(C) ਤਕਨੀਕੀ (D) ਅਧਿਆਤਮਕ

(iii) ਮਨੁੱਖੀ ਕਾਰਗੁਜ਼ਾਰੀਆਂ ਦਾ ਕੁਦਰਤ 'ਤੇ ਕਿਹੋ ਜਿਹਾ ਪ੍ਰਭਾਵ ਪੈਂਦਾ ਹੈ ?

(A) ਨਕਾਰਾਤਮਕ (B) ਸਾਕਾਰਾਤਮਕ

(C) ਕੋਈ ਪ੍ਰਭਾਵ ਨਹੀਂ ਪੈਂਦਾ (D) ਨਕਾਰਾਤਮਕ ਤੇ ਸਾਕਾਰਾਤਮਕ ਦੋਵੇਂ

(iv) ਮਨੁੱਖੀ ਜੀਵਨ ਦੀ ਤਰੱਕੀ ਨਾਲ ਕੀ ਘਟਿਆ ਹੈ ?

(A) ਜ਼ਰੂਰਤਾਂ (B) ਕੁਦਰਤੀ ਸਰੋਤ

(C) ਮੁਸ਼ਕਲਾਂ (D) ਕੁਦਰਤੀ ਆਪਦਾ

(v) ਕੁਦਰਤੀ ਸੰਸਾਰ ਦੀ ਰੱਖਿਆ ਲਈ ਕਿਹੋ ਜਿਹੇ ਯਤਨ ਹੋ ਰਹੇ ਹਨ ?

(A) ਜੰਗਲਾਂ ਦੀ ਕਟਾਈ (B) ਉਦਯੋਗੀਕਰਨ

(C) ਮੁੜ ਜੰਗਲਾਤ (D) ਲੋੜ ਤੋਂ ਵੱਧ ਮੱਛੀਆਂ ਫੜਨਾ

(vi) ਉਪਰੋਕਤ ਪੈਰੇ ਦਾ ਸਿਰਲੇਖ ਹੋ ਸਕਦਾ ਹੈ –

(A) ਕੁਦਰਤ ਦਾ ਕਹਿਰ (B) ਕੁਦਰਤ ਅਤੇ ਮਨੁੱਖ

(C) ਜੈਵ-ਵਿਭਿੰਨਤਾ (D) ਕੁਦਰਤੀ ਸਰੋਤ

**2.** ਵੱਡਿਆਂ ਦਾ ਦਿਲ ਹੋ ਜਾਵੇ ਵੱਡਾ,
ਢਾਹ ਸੁੱਟਣ ਨਫ਼ਰਤ ਦਾ ਅੱਡਾ।
ਵੰਡ ਖਾਣ ਦੀ ਪੈ ਜਾਏ ਵਾਦੀ,
ਮੰਗ ਸੱਕਣ, ਸਾਂਝੀ ਆਜ਼ਾਦੀ ।
ਸਾਂਝੀਆਂ ਚੋਣਾਂ, ਸਾਂਝੀ ਪੀੜ,
ਉਂਗਲ ਸੜਿਆਂ ਧੁਖੇ ਸਰੀਰ ।
ਇੱਕ-ਦੂਜੇ ਤੋਂ ਸਦਕੇ ਜਾਣ,
ਸੱਚਮੁੱਚ ਦਾ ਇਨਸਾਨਸਤਾਨ ।

(i) ਕਵੀ ਕਿਹੋ ਜਿਹੇ ਸਮਾਜ ਦੀ ਕਲਪਨਾ ਕਰਦਾ ਹੈ ? **4x1=4**

(ii) ਕਵੀ ਨੇ ਵਾਰ-ਵਾਰ 'ਸਾਂਝੇ' ਸ਼ਬਦ ਦੀ ਵਰਤੋਂ ਕਿਉਂ ਕੀਤੀ ਹੈ ?

(iii) 'ਵਾਦੀ' ਸ਼ਬਦ ਦਾ ਅਰਥ ਦੱਸੋ ।

(iv) ਇਸ ਕਾਵਿ-ਬੰਦ ਵਿੱਚ 'ਇਨਸਾਨਸਤਾਨ' ਤੋਂ ਕੀ ਭਾਵ ਹੈ ?

## ਭਾਗ – II : ਵਿਆਕਰਨ

## Part - II : Grammar 2+2+2+2+4=12

**3.** ਸਮਾਸੀ ਸ਼ਬਦ : (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ ) **2x1=2**

(i) ਹੇਠ ਲਿਖਿਆਂ ਵਿੱਚੋਂ ਸਮਾਨਾਰਥੀ ਅਰਥਾਂ ਵਾਲਾ ਸਮਾਸੀ ਸ਼ਬਦ ਚੁਣੋ :

(A) ਟੁੱਟ-ਭੱਜ (B) ਰਾਜਾ-ਰੰਕ (C) ਅੱਗੇ-ਪਿੱਛੇ (D) ਭਲਾ-ਬੁਰਾ

(ii) 'ਲੋਕ-ਸਭਾ' ਸਮਾਸੀ ਸ਼ਬਦ ਦਾ ਸਹੀ ਸ਼ਬਦ-ਸਮੂਹ ਕਿਹੜਾ ਹੈ :

(A) ਲੋਕ ਸਭਾ (B) ਲੋਕਾਂ ਤੋਂ ਸਭਾ (C) ਲੋਕਾਂ ਦੀ ਸਭਾ (D) ਲੋਕ ਅਤੇ ਸਭਾ

(iii) 'ਰਾਤ ਹੀ ਰਾਤ ਵਿੱਚ' ਸ਼ਬਦ-ਸਮੂਹ ਲਈ ਸਹੀ ਸਮਾਸੀ ਸ਼ਬਦ ਚੁਣੋ :

(A) ਰਾਤ-ਰਾਤ (B) ਰਾਤ ਰਾਤ (C) ਰਾਤੋਂ-ਰਾਤ (D) ਰਾਤੋਂ ਰਾਤੀਂ

**4.** ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ ) **2x1=2**

(i) ਬਹੁਅਰਥਕ ਸ਼ਬਦਾਂ ਦੇ ਅਰਥ ਲਈ ਸਹੀ ਵਿਕਲਪ ਚੁਣੋ :

(A) ਬਹੁਤੇ ਸ਼ਬਦਾਂ ਦੇ ਸਮਾਨਾਰਥਕ ਸ਼ਬਦ

(B) ਬਹੁਤੇ ਸ਼ਬਦਾਂ ਦੇ ਬਹੁਤੇ ਅਰਥ

(C) ਇੱਕ ਅਰਥ ਦੇ ਬਹੁਤੇ ਸ਼ਬਦ

(D) ਇੱਕ ਸ਼ਬਦ ਦੇ ਬਹੁਤੇ ਅਰਥ

(ii) 'ਸੰਗ' ਸ਼ਬਦ ਦੇ ਬਹੁ ਅਰਥਕ ਸ਼ਬਦ ਚੁਣੋ :

(A) ਸ਼ਰਮ, ਚੋਟ (B) ਪੱਥਰ, ਰੋੜੀ (C) ਸੂਤਰ, ਸੱਚ (D) ਸ਼ਰਮ, ਸਾਥ

(iii) 'ਡੰਗ' ਦਾ ਇੱਕ ਅਰਥ ਹੈ 'ਡੱਸਣਾ', ਦੂਜਾ ਅਰਥ ਹੈ :

(A) ਤਰੀਕਾ (B) ਗੁਜ਼ਾਰਾ (C) ਢੰਗ (D) ਕੀਮਤ

5. ਕਿਰਿਆ–ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ ) **2x1=2**

(i) ਕਿਰਿਆ–ਵਿਸ਼ੇਸ਼ਣ ਕਿਸ ਦੀ ਵਿਸ਼ੇਸ਼ਤਾ ਦੱਸਦੇ ਹਨ :

(A) ਪੜਨਾਂਵ (B) ਨਾਂਵ (C) ਕਿਰਿਆ (D) ਕਾਲ

(ii) 'ਕਿਉਂ' ਸ਼ਬਦ ਕਿਰਿਆ–ਵਿਸ਼ੇਸ਼ਣ ਦੀ ਕਿਹੜੀ ਕਿਸਮ ਹੈ ?

(A) ਕਾਰਨ ਵਾਚਕ (B) ਕਾਲ ਵਾਚਕ (C) ਗਿਣਤੀ ਵਾਚਕ (D) ਨਿਰਨਾ ਵਾਚਕ

(iii) ਹੇਠ ਲਿਖੇ ਵਾਕ ਵਿੱਚੋਂ ਕਿਰਿਆ–ਵਿਸ਼ੇਸ਼ਣ ਚੁਣੋ :

ਮੈਂ ਸਕੂਲ ਜ਼ਰੂਰ ਜਾਵਾਂਗਾ ।

(A) ਮੈਂ (B) ਸਕੂਲ (C) ਜ਼ਰੂਰ (D) ਜਾਵਾਂਗਾ

6. ਅਗੇਤਰ–ਪਿਛੇਤਰ : (ਪੁੱਛੇ ਗਏ ਅਨੁਸਾਰ ਹੱਲ ਕਰੋ ) **1+1=2**

(i) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਅਗੇਤਰ ਨੂੰ ਵਰਤ ਕੇ ਦੋ–ਦੋ ਸ਼ਬਦ ਬਣਾਓ :

ਮਨ, ਅੰਤਰ

(ii) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਪਿਛੇਤਰ ਨੂੰ ਵਰਤ ਕੇ ਦੋ–ਦੋ ਸ਼ਬਦ ਬਣਾਓ :

ਖਾਨਾ, ਹਾਰ

7. ਮੁਹਾਵਰੇ : ਹੇਠ ਲਿਖਿਆਂ ਵਿੱਚੋਂ ਕਿਸੇ ਚਾਰ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ : **4x1=4**

(i) ਕੰਨਾਂ ਨੂੰ ਹੱਥ ਲਾਉਣਾ

(ii) ਖਿਆਲੀ ਪੁਲਾਉ ਪਕਾਉਣਾ

(iii) ਗਲ ਨਾਲ ਲਾਉਣਾ

(iv) ਘਿਉ–ਖਿਚੜੀ ਹੋਣਾ

(v) ਜਾਨ ਸੁੱਕਣਾ

(vi) ਛੱਕੇ ਛੁਡਾਉਣਾ

## ਭਾਗ – III : ਪ੍ਰਭਾਵਸ਼ਾਲੀ ਲਿਖਣ–ਕੌਸ਼ਲ

## Part - III : Writing Skill **8+6+4=18**

**8.** ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 200 ਸ਼ਬਦਾਂ ਵਿੱਚ ਲੇਖ ਲਿਖੋ : **1x8=8**

(i) ਮਨਿ ਜੀਤੈ ਜਗੁ ਜੀਤ

(ਜਾਣ–ਪਛਾਣ.......ਤੁੱਕ ਦਾ ਅਰਥ........ਮਨ ਦੀ ਪਰਿਭਾਸ਼ਾ.....ਮਨੁੱਖ ਦੇ ਅੰਦਰ ਦੋ ਸ਼ਕਤੀਆਂ– ਦੈਵੀ ਤੇ ਦੈਂਤ......ਮਨ ਨੂੰ ਕਾਬੂ ਕਰਨ ਦਾ ਢੰਗ......ਮਨ ਨੂੰ ਜਿੱਤਣਾ ਸੌਖਾ ਨਹੀਂ ........।)

(ii) ਬਚਤ ਦਾ ਮਹੱਤਵ

(ਜਾਣ–ਪਛਾਣ.......ਆਦਿ ਤੇ ਅਜੋਕੇ ਮਨੁੱਖ ਵਿੱਚ ਅੰਤਰ......ਧਨ ਦੀ ਉਪਯੋਗਤਾ.........ਭਵਿੱਖ ਤੋਂ ਅਨਜਾਣ...... ਬਚਤ ਦਾ ਮਹੱਤਵ ।)

(iii) ਸੰਗਤ ਦੀ ਰੰਗਤ

(ਸੰਗਤ ਦਾ ਮਨੁੱਖ ਉੱਤੇ ਪ੍ਰਭਾਵ........ ਚੰਗੀ ਸੰਗਤ ਆਤਮ ਸੰਸਕਾਰ ਦਾ ਮੁੱਖ ਸਾਧਨ ......... ਕੁਸੰਗਤ ਦੇ ਨੁਕਸਾਨ....... ਇਤਿਹਾਸ ਦੇ ਉਦਾਹਰਨ .........ਵਿਦਿਆਰਥੀ ਜੀਵਨ ਵਿੱਚ ਸੰਗਤ ਦਾ ਮਹੱਤਵ)

**9.** ਪੱਤਰ ਰਚਨਾ :

(i) ਮੁਹੱਲੇ ਵਿੱਚ ਹੋ ਰਹੀਆਂ ਚੋਰੀਆਂ ਅਤੇ ਸਮਾਨ ਖੋਹਣ ਦੀਆਂ (ਸਨੈਚਿੰਗ) ਵਾਰਦਾਤਾਂ ਨੂੰ ਰੋਕਣ ਲਈ ਪੁਲਿਸ ਅਫ਼ਸਰ ਨੂੰ ਪੱਤਰ ਲਿਖੋ । **1x6=6**


(ਘਰੋਂ ਬਾਹਰ ਜ਼ਰੂਰੀ ਕੰਮ ਲਈ ਜਾਣਾ ਹੋਇਆ ਮੁਸ਼ਕਲ.....ਔਰਤਾਂ ਦੇ ਗਲਿਆਂ ਵਿੱਚੋਂ ਚੇਨਾਂ ਖਿੱਚਣਾ.....ਹੱਥੋਂ ਮੋਬਾਈਲ ਖੋਹਣਾ....ਖੜ੍ਹੀਆਂ ਕਾਰਾਂ ਦੇ ਸ਼ੀਸ਼ੇ ਤੋੜ ਕੇ ਉਹਨਾਂ ਵਿੱਚੋਂ ਸਟੀਰੀਓ ਜਾਂ ਕੀਮਤੀ ਸਮਾਨ ਚੁਰਾਉਣਾ...ਆਮ ਘਟਨਾਵਾਂ ਹਨ ....ਪੁਲਿਸ ਵਿਭਾਗ ਤੋਂ ਸੁਰੱਖਿਆ ਦੀ ਉਮੀਦ)

**ਜਾਂ (OR)**

(ii) ਤੁਹਾਡੇ ਪਿਤਾ ਜੀ ਘਰ ਤੋਂ ਦੂਰ, ਦੂਸਰੇ ਸ਼ਹਿਰ ਵਿੱਚ ਨੌਕਰੀ ਕਰਦੇ ਹਨ, ਉਹਨਾਂ ਨੂੰ ਚਿੱਠੀ ਲਿਖ ਕੇ ਘਰ ਵੱਲੋਂ ਬੇਫ਼ਿਕਰ ਹੋ ਕੇ ਕੰਮ ਕਰਨ ਲਈ ਕਹੋ ।

(ਪੱਤਰ ਮਿਲਣਾ..... ਘਰ ਪ੍ਰਤੀ ਚਿੰਤਾ ਦਾ ਪਤਾ ਲਗਣਾ..... ਪਿਆਰ ਅਤੇ ਸਤਿਕਾਰ ਸਹਿਤ ਪਿਤਾ ਜੀ ਨੂੰ ਚਿੰਤਾ ਨਾ ਕਰਨ ਲਈ ਕਹਿਣਾ.....ਮੈਂ ਮਾਤਾ ਜੀ ਨਾਲ ਪੂਰੀ ਜ਼ਿੰਮੇਵਾਰੀ ਸੰਭਾਲ ਰਹੀ/ ਰਿਹਾ ਹਾਂ.....ਛੁੱਟੀਆਂ ਵਿੱਚ ਤੁਹਾਡੇ ਕੋਲ ਰਹਿਣ ਆਣਾ........ ਆਪ ਜੀ ਘਰ ਵਲੋਂ ਨਿਸ਼ਚਿੰਤ ਰਹੋ .........)

**10.** ਹੇਠਲੀ ਤਸਵੀਰ ਨੂੰ ਧਿਆਨ ਨਾਲ ਵੇਖੋ ਅਤੇ ਉਸ ਬਾਰੇ **50** ਸ਼ਬਦਾਂ ਵਿੱਚ ਲਿਖੋ : **1x4=4**



> **ਨੋਟ** : ਇਹ ਪ੍ਰਸ਼ਨ ਤਸਵੀਰ ਆਧਾਰਿਤ ਪ੍ਰਸ਼ਨ ਦੀ ਥਾਂ ਸਿਰਫ਼ ਨੇਤਰਹੀਣ ਵਿਦਿਆਰਥੀਆਂ ਲਈ ਹੈ :
> ਆਪਣੇ ਸਕੂਲ ਵਿੱਚ ਹਾਊਸ ਦਾ/ ਦੀ ਕੈਪਟਨ ਹੋਣ ਦੇ ਤੌਰ 'ਤੇ ਪਲਾਸਟਿਕ ਦੀ ਵਰਤੋਂ ਰੋਕਣ ਲਈ (ਅਭਿਆਨ) ਮੁਹਿੰਮ ਚਲਾਉਣ ਦੀ ਇਜ਼ਾਜਤ ਲੈਣ ਲਈ ਸਕੂਲ ਦੇ ਪ੍ਰਿੰਸੀਪਲ ਨੂੰ ਪੱਤਰ ਲਿਖੋ।

## ਭਾਗ – IV : ਪਾਠ–ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ **5+5+4+14+8+4=40**

## Part - IV : Text Books based questions

**11.** ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ (any five) ਹੱਲ ਕਰੋ ) **5x1=5**

(i) 'ਕੁਲਫ਼ੀ' ਕਹਾਣੀ ਵਿੱਚ ਕਿਸ ਮਹੀਨੇ ਦੀ ਛੱਬੀ ਤਾਰੀਖ਼ ਸੀ?

(A) ਜੂਨ (B) ਜੁਲਾਈ (C) ਅਗਸਤ (D) ਸਤੰਬਰ

(ii) ਕਿਸ ਦੀ ਗੱਲ ਕਰਮ ਸਿੰਘ ਦੇ ਬਾਪੂ ਨੂੰ ਸੂਲਾਂ ਵਾਂਗ ਚੁੱਭੀ ?

(A) ਕਰਮ ਸਿੰਘ ਦੀ (B) ਕਰਮ ਸਿੰਘ ਦੀ ਮਾਂ ਦੀ

(C) ਮਾਨ ਸਿੰਘ ਦੀ (D) ਜਸਵੰਤ ਸਿੰਘ ਦੀ

(iii) ਅਮਰੀਕ ਦਾ ਪਿਓ ਅਤੇ ਮਾਮਾ ਬੀਕਾਨੇਰ ਤੋਂ ਕੀ ਖ਼ਰੀਦ ਕੇ ਲਿਆਏ ਸੀ ?

(A) ਗਹਿਣੇ (B) ਟਰੈਕਟਰ (C) ਬਲਦਾਂ ਦੀ ਜੋੜੀ (D) ਚਿੱਟੇ ਕੱਪੜੇ

(iv) 'ਤੁਰਨ ਦਾ ਹੁਨਰ' ਲੇਖ ਕਿਸ ਦਾ ਲਿਖਿਆ ਹੋਇਆ ਹੈ ?

(A) ਪ੍ਰਿੰ. ਤੇਜਾ ਸਿੰਘ (B) ਗੁਰਬਖ਼ਸ਼ ਸਿੰਘ

(C) ਡਾ. ਬਲਬੀਰ ਸਿੰਘ (D) ਡਾ. ਨਰਿੰਦਰ ਸਿੰਘ ਕਪੂਰ

(v) ਬੋਲੀ ਕਿਸ ਦਾ ਚਿੱਤਰ ਹੈ ?

(A) ਸਾਡੇ ਵਿਰਸੇ ਦਾ (B) ਮਨੁੱਖ ਦੀ ਆਤਮਾ ਦਾ

(C) ਸਾਡੀ ਸੰਸਕ੍ਰਿਤੀ ਦਾ (D) ਦੂਜਿਆਂ ਦੀ ਸੋਚ ਦਾ

(vi) ਮਨੁੱਖ ਦਾ ਆਚਰਨ ਕਿੱਥੇ ਬਣਦਾ ਹੈ ?

(A) ਸਮਾਜ ਵਿੱਚ (B) ਘਰ ਵਿੱਚ (C) ਸਕੂਲ ਵਿੱਚ (D) ਸੰਗਤ ਵਿੱਚ

**12.** ਕਵਿਤਾ ਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ (any five) ਹੱਲ ਕਰੋ ) **5x1=5**

(i) 'ਸੋ ਕਿਉ ਮੰਦਾ ਆਖੀਐ' ਕਿਸ ਦੀ ਰਚਨਾ ਹੈ ?

(A) ਸ੍ਰੀ ਗੁਰੂ ਅਰਜਨ ਦੇਵ ਜੀ (B) ਸ੍ਰੀ ਗੁਰੂ ਅਮਰਦਾਸ ਜੀ

(C) ਸ੍ਰੀ ਗੁਰੂ ਨਾਨਕ ਦੇਵ ਜੀ (D) ਭਾਈ ਗੁਰਦਾਸ ਜੀ

(ii) 'ਕਿਰਪਾ ਕਰਿ ਕੈ ਬਖਸਿ ਲੈਹੁ' ਨਾਂ ਦੀ ਰਚਨਾ ਵਿੱਚ ਗੁਰੂ ਜੀ ਕਿਸ ਅੱਗੇ ਅਰਦਾਸ ਕਰਦੇ ਹਨ ਕਿ ਉਹ ਮਿਹਰ ਕਰਕੇ ਜੀਵਾਂ ਨੂੰ ਬਖ਼ਸ਼ ਲਏ ?

(A) ਗੁਰੂ ਅੱਗੇ (B) ਫਰਿਸ਼ਤੇ ਅੱਗੇ

(C) ਅਧਿਆਪਕ ਅੱਗੇ (D) ਪਰਮਾਤਮਾ ਅੱਗੇ

(iii) 'ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ' ਤੁਕ ਕਿਸ ਦੀ ਹੈ ?

(A) ਭਾਈ ਗੁਰਦਾਸ ਜੀ (B) ਸ੍ਰੀ ਗੁਰੂ ਨਾਨਕ ਦੇਵ ਜੀ

(C) ਸ੍ਰੀ ਗੁਰੂ ਅਮਰਦਾਸ ਜੀ (D) ਸ੍ਰੀ ਗੁਰੂ ਅਰਜਨ ਦੇਵ ਜੀ

(iv) ਸ਼ਹਿਜ਼ਾਦਾ ਕਾਮ ਬਖ਼ਸ਼ ਕੌਣ ਸੀ ?

(A) ਔਰੰਗਜ਼ੇਬ ਦਾ ਭਰਾ (B) ਬੇਗ਼ਮ ਉਦੈਪੁਰੀ ਦਾ ਪੁੱਤਰ

(C) ਔਰੰਗਜ਼ੇਬ ਦਾ ਭਤੀਜਾ (D) ਬੇਗ਼ਮ ਉਦੈਪੁਰੀ ਦਾ ਭਾਣਜਾ

(v) ਸਾਰੇ ਜੀਵ-ਜੰਤ ਕਿਸ ਦੇ ਪੈਦਾ ਕੀਤੇ ਹੋਏ ਹਨ ?

(A) ਪ੍ਰਕਿਰਤੀ ਦੇ (B) ਮਨੁੱਖ ਦੇ (C) ਪਰਮਾਤਮਾ ਦੇ (D) ਧਰਤੀ ਦੇ

(vi) ਨਿਹਾਲ ਕੌਰ ਮਨਜੀਤ ਨੂੰ ਪਿਓ ਤੋਂ ਕਿਹੜਾ ਹਿੱਸਾ ਲਿਆਉਣ ਲਈ ਕਹਿੰਦੀ ਹੈ ?

(A) ਮਕਾਨ ਦਾ (B) ਜ਼ਮੀਨ ਦਾ (C) ਪੈਸਿਆਂ ਦਾ (D) ਸਮਾਨ ਦਾ

**13.** ਕਹਾਣੀ ਅਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ) **4x1=4**

(i) ਸ਼ਾਹਾਂ ਦਾ ਮੁੰਡਾ ਕਾਕੇ ਤੋਂ ਕਿੰਨੇ ਸਾਲ ਵੱਡਾ ਸੀ ?

(ii) ਫ਼ੌਜ ਵਿੱਚ ਇਕੱਠੇ ਰਹਿਣ ਕਾਰਨ ਮਾਨ ਸਿੰਘ ਦੀ ਦੋਸਤੀ ਕਿਸ ਨਾਲ ਹੋਈ ?

(iii) ਮਨੁੱਖੀ ਜੀਵਨ ਦਾ ਸਭ ਤੋਂ ਕੀਮਤੀ ਸਮਾਂ ਕਿਹੜਾ ਹੁੰਦਾ ਹੈ ?

(iv) ਕਿਹੜੇ ਪਿੰਡ ਵਾਲਿਆਂ ਨੇ ਲੇਖਕ ਦੇ ਬਾਬਿਆਂ ਨਾਲ ਰਿਸ਼ਤਾ ਤੋੜ ਲਿਆ ?

(v) 'ਪ੍ਰਾਰਥਨਾ' ਲੇਖ ਦਾ ਲੇਖਕ ਕੌਣ ਹੈ ?

**14.** ਕਹਾਣੀ, ਵਾਰਤਕ ਅਤੇ ਇਕਾਂਗੀ ਵਿੱਚੋਂ (ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ **25- 30** ਸ਼ਬਦਾਂ ਵਿੱਚ ਦਿਓ) **7x2=14**

(i) ਸ਼ਾਹ ਦੇ ਮੁੰਡੇ ਤੋਂ ਕੁਲਫ਼ੀ ਖੋਹਣ 'ਤੇ ਕਾਕੇ ਦੇ ਮਾਪਿਆਂ ਦੀ ਕੀ ਪ੍ਰਤੀਕਿਰਿਆ ਸੀ ?

(ii) ਅਮਰੀਕ ਦੇ ਦਾਦੇ ਨੇ ਗਹਿਣੇ ਪਈ ਆਪਣੀ ਪੈਲੀ ਨੂੰ ਕਿਵੇਂ ਛੁਡਾਇਆ ?

(iii) ਡਾਕੀਏ ਨੂੰ ਦੇਖ ਕੇ ਕਰਮ ਸਿੰਘ ਦੇ ਬਾਪੂ ਦੇ ਮਨ ਵਿੱਚ ਕੀ ਵਿਚਾਰ ਆਏ ?

(iv) 'ਜ਼ਫ਼ਰਨਾਮਾ' ਇਕਾਂਗੀ ਦੇ ਆਧਾਰ 'ਤੇ 'ਜ਼ਫ਼ਰਨਾਮਾ' ਬਾਰੇ ਜਾਣਕਾਰੀ ਦਿਓ।

(v) ਮਨਜੀਤ ਦੀ ਸੱਸ ਉਸਨੂੰ ਕਿਸ ਗੱਲ ਦਾ ਡਰਾਵਾ ਦਿੰਦੀ ਹੈ ? ਮਨਜੀਤ ਇਸ ਡਰਾਵੇ ਦੇ ਸਬੰਧ ਵਿੱਚ ਆਪਣੀ ਸੱਸ ਨੂੰ ਕੀ ਆਖਦੀ ਹੈ?

(vi) 'ਤੁਰਨ ਦਾ ਹੁਨਰ' ਲੇਖ ਤੋਂ ਕੀ ਸਿੱਖਿਆ ਮਿਲਦੀ ਹੈ ?

(vii) ਦੁਨੀਆ ਦੇ ਬਹੁਤੇ ਲੋਕ ਆਪਣਾ ਪੂਰਾ ਮੁੱਲ ਕਿਉਂ ਨਹੀਂ ਪੁਆ ਸਕੇ ?

(viii) ਕੈਦੀ ਦਾ ਵਿਹਾਰ ਕਿਸ ਤਰ੍ਹਾਂ ਦਾ ਸੀ ?

**15.** ਕਵਿਤਾ ਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **50- 60** ਸ਼ਬਦਾਂ ਵਿੱਚ ਦਿਓ) **2x4=8**

(i) (A) 'ਸੋ ਕਿਉ ਮੰਦਾ ਆਖੀਐ' ਸ਼ਬਦ ਦਾ ਕੇਂਦਰੀ ਭਾਵ ਲਿਖੋ।

**ਜਾਂ (OR)**

(B) 'ਜੰਗ ਦਾ ਹਾਲ' ਰਚਨਾ ਦਾ ਕੇਂਦਰੀ ਭਾਵ ਲਿਖੋ।

(ii) (A) ਸਿੱਖ ਧਰਮ ਦੀ ਅਰਦਾਸ ਦੀ ਕੀ ਮਹੱਤਤਾ ਹੈ ? ਅਰਦਾਸ ਕਦੋਂ ਅਤੇ ਕਿਉਂ ਕੀਤੀ ਜਾਂਦੀ ਹੈ ?

**ਜਾਂ (OR)**

(B) ਬਚਪਨ ਵਿੱਚ ਬੋਲੀ ਦਾ ਖ਼ਜ਼ਾਨਾ ਸਾਨੂੰ ਕਿਵੇਂ ਅਮੀਰ ਬਣਾ ਸਕਦਾ ਹੈ ?

**16.** ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ **50- 60** ਸ਼ਬਦਾਂ ਵਿੱਚ ਦਿਓ) **1x4=4**

(i) 'ਜ਼ਫ਼ਰਨਾਮਾ' ਨਾਂ ਦਾ ਖ਼ਤ ਪੜ੍ਹ ਕੇ ਔਰੰਗਜ਼ੇਬ 'ਤੇ ਇਸ ਦਾ ਕੀ ਅਸਰ ਹੋਇਆ ?

(ii) 'ਦੂਜਾ ਵਿਆਹ' ਇਕਾਂਗੀ ਰਾਹੀਂ ਲੇਖਕ ਨੇ ਕਿਸ ਸਮੱਸਿਆ ਨੂੰ ਪੇਸ਼ ਕੀਤਾ ਹੈ ?

**- o O o -**